Calgary

# Vehicle for Hire

**ਬੁਲੇਟਿਨ #007**

**ਉਦਯੋਗ ਨਾਲ ਜੁੜਾਵ**

2023 ਜੁਲਾਈ

ਸਿਟੀ ਕਾਉਂਸਿਲ ਨੇ ਪ੍ਰਸ਼ਾਸਨ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਵਿਸ਼ਿਆਂ ਦੀ ਇੱਕ ਨਿਰਧਾਰਤ ਸੂਚੀ 'ਤੇ ਫੀਡਬੈਕ ਇਕੱਠੀ ਕਰਨ ਲਈ ਵ੍ਹੀਕਲ-ਫਾਰ-ਹਾਇਰ ਉਦਯੋਗ ਨਾਲ ਜੁੜੇ। ਇਹਨਾਂ ਵਿੱਚੋਂ ਪਹਿਲਾ ਸੈਸ਼ਨ ਮਾਰਚ ਵਿੱਚ ਆਯੋਜਿਤ ਕੀਤਾ ਗਿਆ ਸੀ।

ਅਸੀਂ ਹੁਣ ਤੁਹਾਨੂੰ ਹੇਠਾਂ ਦਿੱਤੇ ਵਿਸ਼ਿਆਂ 'ਤੇ ਤੁਹਾਡੀ ਫੀਡਬੈਕ ਇਕੱਠੀ ਕਰਨ ਲਈ ਜੁੜਾਵ ਸੈਸ਼ਨਾਂ ਦੇ ਦੂਜੇ ਪੜਾਅ ਲਈ ਸੱਦਾ ਦੇਣਾ ਚਾਹੁੰਦੇ ਹਾਂ:

- ਟੈਕਸੀ ਅਤੇ TNC ਡਰਾਈਵਰ ਲਾਇਸੈਂਸ, ਦੋਵਾਂ ਲਈ ਇੱਕ ਪੁਲਿਸ ਜਾਂਚ
- ਟੈਕਸੀ ਪਲੇਟ ਲਾਇਸੈਂਸ ਨਵੀਨੀਕਰਨ ਨੂੰ ਟੈਕਸੀ ਡਰਾਈਵਰ ਦੇ ਲਾਇਸੈਂਸ ਨਵੀਨੀਕਰਨ ਨਾਲ ਜੋੜਨਾ
- ਉਦਯੋਗ ਨਾਲ ਆਪਸੀ ਗੱਲਬਾਤ ਅਤੇ ਜੁੜਾਵ

ਤੁਹਾਡੀ ਫੀਡਬੈਕ ਮਹੱਤਵਪੂਰਨ ਹੈ, ਇਹ ਸਾਡੀ ਇਹ ਸਮਝਣ ਵਿੱਚ ਮਦਦ ਕਰਦੀ ਹੈ ਕਿ ਉਦਯੋਗ ਵਿੱਚ ਤਬਦੀਲੀਆਂ ਤੁਹਾਨੂੰ ਕਿਵੇਂ ਪ੍ਰਭਾਵਿਤ ਕਰ ਸਕਦੀਆਂ ਹਨ। ਸਿਟੀ ਕਾਉਂਸਿਲ ਨੂੰ ਇੱਕ ਰਿਪੋਰਟ ਅਤੇ ਸਿਫ਼ਾਰਸ਼ਾਂ ਪ੍ਰਾਪਤ ਹੋਣਗੀਆਂ, ਇੱਕ ਵਾਰ ਨਿਰਧਾਰਤ ਹੋਣ ਤੋਂ ਬਾਅਦ ਮਿਤੀ ਸਾਂਝੀ ਕੀਤੀ ਜਾਵੇਗੀ।

ਕਿਰਪਾ ਕਰਕੇ ਇੱਕ ਨਿਰਧਾਰਤ ਮਿਤੀ/ਸਮਾਂ/ਸਥਾਨ 'ਤੇ ਮਿਲਣ ਆਓ ਅਤੇ ਵ੍ਹੀਕਲ ਫਾਰ ਹਾਇਰ ਨਾਲ ਗੱਲਬਾਤ ਕਰੋ:

| | |
|---|---|
| ਐਤਵਾਰ, 30 ਜੁਲਾਈ<br>ਦੁਪਹਿਰ ਬਾਅਦ 2: 30 ਤੋਂ ਸ਼ਾਮ 6 ਵਜੇ<br>ਫਾਲਕਨਰਿਜ/ਕੈਸਲਰਿਜ ਕਮਿਊਨਿਟੀ ਐਸੋਸੀਏਸ਼ਨ (Falconridge/Castleridge Comm. Association)<br>95 Falshire Drive NE | ਸੋਮਵਾਰ, 31 ਜੁਲਾਈ<br>ਸਵੇਰੇ 9:00 ਤੋਂ 11:00 ਵਜੇ<br>ਜਾਂ<br>ਦੁਪਹਿਰ ਬਾਅਦ 1:30 ਤੋਂ 3:30 ਵਜੇ ਤਕ<br>ਵ੍ਹੀਕਲ ਫਾਰ ਹਾਇਰ ਲਈ ਲਾਇਸੈਂਸਿੰਗ ਦਫ਼ਤਰ |

ਅਸੀਂ ਤੁਹਾਨੂੰ ਇੱਕ ਸੈਸ਼ਨ ਵਿੱਚ ਮਿਲਣ ਦੀ ਉਮੀਦ ਕਰਦੇ ਹਾਂ ਅਤੇ ਤੁਹਾਡੇ ਸਮੇਂ ਦੀ ਕਦਰ ਕਰਦੇ ਹਾਂ। ਮੁਫ਼ਤ ਪਾਰਕਿੰਗ ਉਪਲਬਧ ਹੋਵੇਗੀ, ਅਤੇ ਅਸੀਂ ਹਲਕਾ ਨਾਸ਼ਤਾ ਪ੍ਰਦਾਨ ਕਰਾਂਗੇ। ਕਿਰਪਾ ਕਰਕੇ ਕਿਸੇ ਵੀ ਸਵਾਲ ਨਾਲ VFHEngagement@calgary.ca 'ਤੇ ਸੰਪਰਕ ਕਰੋ

ਤਹਿ-ਦਿਲੋਂ,

ਐਕਟਿੰਗ ਡਿਪਟੀ ਚੀਫ, ਵ੍ਹੀਕਲ ਫਾਰ ਹਾਇਰ ਸੇਫ਼ਟੀ
ਜਨਤਕ ਵਾਹਨ ਮਿਆਰ
ਐਮਰਜੈਂਸੀ ਪ੍ਰਬੰਧਨ ਅਤੇ ਭਾਈਚਾਰਕ ਸੁਰੱਖਿਆ